# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

# ਮੇਅਰ ਸ਼ਿਵ ਸੂਦ ਨੇ ਵਾਰਡ ਨੰ: 3 ਦਾ ਦੌਰਾ ਕਰਕੇ ਮੁਸ਼ਕਿਲਾਂ ਸਬੰਧੀ ਜਾਣਕਾਰੀ ਲਈ

# ਵਾਰਡ ਨੰਬਰ 3 ਵਿੱਚ ਜਲਦ ਹੀ ਲਗੇਗਾ ਨਵਾਂ ਟਿਊਬਵੈਲ

ਹੁਸ਼ਿਆਰਪੁਰ 10 ਜੂਨ ਨਗਰ ਨਿਗਮ ਦੇ ਵੱਖ ਵੱਖ ਵਾਰਡਾਂ ਵਿੱਚ ਹੋ ਰਹੇ ਵਿਕਾਸ ਕਾਰਜਾਂ ਅਤੇ ਮੁਸ਼ਕਲਾਂ ਸਬੰਧੀ ਜਾਣਕਾਰੀ ਲੈਣ ਲਈ ਮੇਅਰ ਸ਼ਿਵ ਸੂਦ ਵੱਲੋ ਹਰ ਰੋਜ਼ ਸਵੇਰੇ ਇਕ ਵਾਰਡ ਦਾ ਦੌਰਾ ਕੀਤਾ ਜਾ ਰਿਹਾ ਹੈ।ਇਸ ਮੁਹਿੰਮ ਤਹਿਤ ਅੱਜ ਉਹਨ੍ਹਾਂ ਨੇ ਵਾਰਡ ਨੰ: 3 ਦੀਆਂ ਮੁਸ਼ਕਲਾਂ ਸਬੰਧੀ ਜਾਣਕਾਰੀ ਲੈਣ ਲਈ ਕੌਂਸਲਰ ਰਮੇਸ਼ ਕੁਮਾਰ ਠਾਕੁਰ ਨੂੰ ਨਾਲ ਲੈ ਕੇ ਕਲਾਂ ਬਜਾਰ, ਗੜੀ ਮੁਹੱਲਾ, ਗਾਂਧੀ ਚੌਂਕ ਅਤੇ ਬੀਰਬਲ ਨਗਰ ਦਾ ਦੋਰਾ ਕੀਤਾ ਅਤੇ ਮੁਸ਼ਕਲਾਂ ਸਬੰਧੀ ਜਾਣਕਾਰੀ ਹਾਸਲ ਕੀਤੀ। ਕੌਂਸਲਰ ਰਮੇਸ਼ ਠਾਕੁਰ ਨੇ ਦਸਿੱਆ ਕਿ ਵਾਰਡ ਨੰਬਰ 3 ਵਿੱਚ ਸਫਾਈ ਠੀਕ ਢੰਗ ਨਾਲ ਕਰਵਾਏ. ਜਾਵੇ, ਪੁਰਾਣੀਆਂ ਗਲੀਆਂ ਵਿੱਚ ਬਿਜਲੀ ਦੀਆਂ ਪੁਰਾਣੀਆਂ ਤਾਰਾਂ ਨੂੰ ਠੀਕ ਕਰਵਾਇਆ ਜਾਵੇ ਅਤੇ ਬੀਰਬਲ ਨਗਰ ਵਿੱਚ ਨਵੇਂ ਬਣੇ ਮੁਹਲਿਆਂ ਦੀਆਂ ਗਲੀਆਂ ਪੱਕੀਆਂ ਕਰਵਾਈਆਂ ਜਾਣ। ਮੇਅਰ ਸ਼ਿਵ ਸੂਦ ਨੇ ਭਰੋਸਾ ਦੁਆਇਆ ਕਿ ਵਾਰਡ ਨੰਬਰ 3 ਦੀਆਂ ਮੁਸ਼ਕਲਾਂ ਹੱਲ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਉਹਨਾਂ ਨੇ ਦਸਿੱਆ ਕਿ ਵਾਰਡ ਨੰਬਰ 3 ਵਿੱਚ ਜਲਦੀ ਹੀ ਨਵਾਂ ਟਿਊਬਵੈਲ ਲਗਵਾਇਆ ਜਾਵੇਗਾ। ਜਿਸ ਦੇ ਲਗਣ ਨਾਲ ਪੀਣ ਵਾਲੇ ਪਾਣੀ ਦੀ ਕੋਈ ਸਮਸਿੱਆ ਨਹੀ ਰਹੇਗੀ।ਮੰਡਲ ਪ੍ਰਧਾਨ ਵਿਨੋਦ ਪਰਮਾਰ, ਰਜੀਵ ਵਾਲੀਆ, ਮਨੋਹਰ ਲਾਲ, ਸੁਰਿੰਦਰ ਪਰਾਸ਼ਰ, ਸ਼ਾਮ ਸੁਦੰਰ ਵਿਗ, ਸੰਜੀਵ ਡੀ ਸੋਨੀ, ਅਨੀਲ ਕੁਮਾਰ, ਬਬੂ ਪਰਾਸ਼ਰ, ਵਿਨੋਦ ਸੂਦ, ਦਵਿੰਦਰ ਸਰੀਨ, ਡਾ: ਐਸ.ਐਨ ਤਿਵਾੜੀ, ਸਤੀਸ਼ ਪੁਰੀ, ਕਰਨਲ ਸ਼ੰਭੂ ਦੱਤ, ਡਾ: ਬੀ.ਕੇ ਬੱਸੀ, ਅਸ਼ਵਨੀ ਕਾਲੀਆ, ਸੁਰਿੰਦਰ ਸਿੰਘ, ਵਰਿੰਦਰ ਕਥੂਰੀਆ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜ਼ਰ ਸਨ।